**ਦਫਤਰ: ਕਾਰਜਕਾਰੀ ਇੰਜੀਨੀਅਰ ,ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,**
**ਭਵਨ ਤੇ ਮਾਰਗ ਸ਼ਾਖਾ ,(ਨਾਭਾ)।**
ਪਤਾ: ਹੀਰਾ ਇਨਕਲੇਵ, ਪ੍ਰਬੰਧਕੀ ਕੰਪਲੈਕਸ ,ਬਲਾਕ-ਸੀ ,ਨਾਭਾ।
ਫੋਨ ਨੰਬਰ– 01765-220135 Email -ee.cd.nbh.pwd@punjab.gov.in

ਮੀਮੋ ਨੰ: 4920 ਮਿਤੀ 21/01/26

ਵੱਲ ਰਜਿਸਟਰਡ

Principal,
Shri Usha Mata Public School,
At opp. Kali Mandir, Dulladi Gate,
Nabha.

ਵਿਸ਼ਾ: **ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਲੈਣ ਲਈ। (Shri Usha Mata Public Schoo, Nabha.)**

ਹਵਾਲਾ:- ਆਪ ਦੇ ਦਫਤਰ ਦਾ ਪੱਤਰ ਨੰ. UMPS/2025/2473 ਮਿਤੀ 03.11.2025 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ. 1, ਭ ਤੇ ਮ ਸਾਖਾ, ਨਾਭਾ ਵੱਲੋਂ ਕੀਤੀ ਰਿਪੋਰਟ ਦੇ ਸਨਮੁੱਖ ਸਕੂਲ ਦੀ ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਬਣਦੀ ਫੀਸ ਸਕੂਲ ਮੈਨਜਮੇਟ ਵੱਲੋਂ ਡਿਮਾਂਡ ਡਰਾਫਟ ਨੰ. 053405 ਮਿਤੀ 03.01.2026 ਰਾਹੀ ਬਾਬਤ ਰਕਮ 30,000/- ਰੁਪਏ ਜਮ੍ਹਾਂ ਕਰਵਾ ਦਿੱਤੀ ਗਈ ਹੈ। ਇਸ ਲਈ ਉਪਰੋਕਤ ਦੇ ਸਨਮੁੱਖ ਆਪ ਨੂੰ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ. 1, ਭ ਤੇ ਮ ਸਾਖਾ, ਨਾਭਾ ਵੱਲੋਂ ਮਿਤੀ 03.11.2025 ਤੋਂ 31.03.2027 ਤੱਕ ( ਦੋ ਸਾਲ) ਲਈ ਕੀਤੀ ਗਈ ਸਿਫਾਰਸ਼ ਦੇ ਮੱਦੇ ਨਜਰ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖਿਆ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1) ਬਿਲਡਿੰਗ ਦੇ ਆਲੇ-ਦੁਆਲੇ ਅਤੇ ਛੱਤਾਂ ਤੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ।
2) ਜੇਕਰ ਇਮਾਰਤ ਵਿਚ ਕਿਸੇ ਕਿਸਮ ਦੀ ਤਰੇੜ ਵਗੈਰਾ ਜਾਂ ਫਿਰ ਸਲਾਬ ਆਦਿ ਆ ਜਾਂਦੀ ਹੈ ਤਾਂ ਉਸ ਜਗ੍ਹਾ ਨੂੰ ਤੁਰੰਤ ਖਾਲੀ ਕੀਤਾ ਜਾਵੇ ਅਤੇ ਉਸ ਜਗ੍ਹਾਂ ਦੀ ਰਿਪੇਅਰ ਤੁਰੰਤ ਕਿਸੇ ਮੰਨਜੂਰਸ਼ੁਦਾ ਸਟਰਕਚਰਲ ਇੰਜੀਨੀਅਰ ਦੀ ਨਿਗਰਾਨੀ ਹੇਠ ਕਰਵਾਈ ਜਾਵੇ ਅਤੇ ਉਸ ਥਾਂ ਦਾ ਮੁੜ ਤੋਂ ਸੇਫਟੀ ਸ਼ਰਟੀਫਿਕੇਟ ਇਸ ਮਹਿਕਮੇ ਤੋਂ ਜਾਰੀ ਕਰਵਾਇਆ ਜਾਵੇ।
3) ਨਾਲ ਨੱਥੀ ਨਕਸ਼ੇ ਤੇ ਇਲਾਵਾ ਜੇਕਰ ਆਪ ਵੱਲੋਂ ਕੋਈ ਵਾਧੂ ਉਸਾਰੀ ਕਰਨੀ ਹੋਵੇ ਤਾਂ ਉਸਦੀ ਮੰਨਜੂਰੀ ਇਸ ਮਹਿਕਮੇ ਪਾਸੋ ਲਈ ਜਾਵੇ ਅਤੇ ਵਾਧੂ ਉਸਾਰੀ ਦਾ ਕੰਮ ਕਿਸੇ ਮੰਨਜੂਰ ਸ਼ੁਦਾ ਸਟਰਕਚਰਲ ਇੰਜੀਨੀਅਰ ਦੀ ਨਿਗਰਾਨੀ ਹੇਠ ਕਰਵਾਇਆ ਜਾਵੇ।
4) ਜੇਕਰ ਆਪ ਵੱਲੋਂ ਆਉਣ ਵਾਲੇ ਸਮੇਂ/ ਮਿਤੀ 03.11.2025 ਤੋਂ 31.03.2027 ਤੱਕ ਬਿਲਡਿੰਗ ਵਿੱਚ ਕੋਈ ਵਾਧਾ ਘਾਟਾ ਕੀਤਾ ਜਾਂਦਾ ਹੈ ਅਤੇ ਇਸ ਮਹਿਕਮੇ ਨੂੰ ਇਤਲਾਹ ਨਹੀ ਦਿੱਤੀ ਜਾਂਦੀ ਤਾਂ ਉਕਤ ਜਾਰੀ ਹੋਇਆ ਬਿਲਡਿੰਗ ਸੇਫਟੀ ਸਰਟੀਫਿਕੇਟ ਬਿਨਾਂ ਕਿਸੇ ਕਾਰਨ ਦੱਸੇ ਨੋਟਿਸ ਦੇ ਇਸ ਮਹਿਕਮੇ ਵੱਲੋਂ ਰੱਦ ਸਮਝਿਆ ਜਾਵੇਗਾ ਜਿਸ ਦੀ ਨਿਰੋਲ ਜ਼ਿਮੇਵਾਰੀ ਆਪ ਦੀ ਹੋਵੇਗੀ।
5) ਇੱਥੇ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਬਿਲਡਿੰਗ ਸਬੰਧੀ ਫਾਇਰ ਸੇਫਟੀ ਸ਼ਰਟੀਫਿਕੇਟ ਸਬੰਧਤ ਮਹਿਕਮੇ ਤੋਂ ਹਰ ਸਾਲ ਆਪਣੇ ਖਰਚੇ ਤੇ ਲੈਣ ਦਾ ਪਾਬੰਦ ਹੋਵੇਗਾ। ਜੇਕਰ ਬਿਲਡਿੰਗ ਵਿੱਚ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਮਹਿਕਮੇ ਦੀ ਕੋਈ ਜ਼ਿਮੇਵਾਰੀ ਨਹੀਂ ਹੋਵੇਗੀ ਅਤੇ ਫਾਇਰ ਸੇਫਟੀ ਸਰਟੀਫਿਕੇਟ ਦੀ ਮਿਆਦ ਖਤਮ ਹੋਣ ਉਪਰੰਤ ਸਕੂਲ ਦਾ ਨਵਾਂ ਫਾਇਰ ਸਰਟੀਫਿਕੇਟ ਇਸ ਦਫਤਰ ਵਿਖੇ ਇੱਕ ਹਫਤੇ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ।
6) ਜੇਕਰ ਆਉਣ ਵਾਲੇ ਸਮੇਂ ਦੌਰਾਨ ਸਰਕਾਰ ਦੀਆਂ ਕੋਈ ਹਦਾਇਤਾਂ ਨਵੀਆਂ ਫੀਸਾਂ ਸੰਬੰਧੀ ਆਉਂਦੀਆਂ ਹਨ ਤਾਂ ਸਕੂਲ ਮਨੇਜਮੈਂਟ ਉਹਨਾਂ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
7) ਭਵਿੱਖ ਵਿਚ ਆਡਿਟ ਦੌਰਾਨ ਜਾਂ ਹੋਰ ਜੇਕਰ ਇਸ ਮਹਿਕਮੇ ਵਲੋ ਆਪ ਦੇ ਸਕੂਲ ਵਿਰੁੱਧ ਕੋਈ ਬਕਾਇਆ/ਦੇਣਦਾਰੀ ਨਿਕਲਦੀ ਹੈ ਤਾਂ ਆਪ ਉਹ ਬਕਾਇਆ/ਦੇਣਦਾਰੀ ਇਸ ਦਫਤਰ ਵਿਖੇ ਜਮਾਂ ਕਰਵਾਉਣ ਦੇ ਪਾਬੰਦ ਹੋਵੋਗੇ ਅਤੇ ਇਸ ਸਬੰਧੀ ਕੋਈ ਕਲੇਮ/ਲਿਟੀਗੇਸ਼ਨ ਨਹੀ ਕਰੋਗੇ।

**ਨੋਟ:- ਜੇਕਰ ਉਪਰੋਕਤ ਲਿਖਿਆ ਹਦਾਇਤਾਂ/ਸ਼ਰਤਾਂ ਦੀ ਸਬੰਧਤ ਸਕੂਲ ਮਨੇਜਮੈਂਟ ਵੱਲੋਂ ਉਲੰਘਣਾ ਕੀਤੀ ਜਾਂਦੀ ਹੈ ਤਾਂ ਮਹਿਕਮੇ ਵੱਲੋਂ ਜਾਰੀ ਕੀਤਾ ਗਿਆ ਐਨ.ਓ.ਸੀ. ਬਿਨਾਂ ਨੋਟਿਸ ਰੱਦ ਸਮਝਿਆ ਜਾਵੇਗਾ ਜਿਸ ਦੀ ਨਿਰੋਲ ਜ਼ਿੰਮੇਵਾਰੀ ਆਪ ਦੀ ਹੋਵੇਗੀ।**
**ਨੱਥੀ: ਡਰਾਇੰਗ**

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭ ਤੇ ਮ ਸ਼ਾਖਾ,
ਨਾਭਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ

1) ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.1, ਭ ਤੇ ਮ ਸਾਖਾ, ਨਾਭਾ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ. 500 ਮਿਤੀ 07.01.2026 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2) ਮੰਡਲ ਸੁਪਰਡੰਟ, ਨਾਭਾ ਨੂੰ ਡਿਮਾਂਡ ਡਰਾਫਟ ਨੰ. 053405 ਮਿਤੀ 03.01.2026 ਬਾਬਤ ਰਕਮ 30,000/- ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭ ਤੇ ਮ ਸ਼ਾਖਾ,